# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।
# ਪ੍ਰੈਸ ਨੋਟ

## ਪੰਜਾਬ ਸਰਕਾਰ ਵਲੋਂ ਨਗਰ ਨਿਗਮ ਦੀ ਹਦੂਦ ਵਿਚ ਪਾਣੀ ਅਤੇ ਸੀਵਰੇਜ਼ ਦੇ ਨਜਾਇਜ਼ ਕੁਨੈਕਸ਼ਨ ਰੈਗੂਲਰ ਕਰਵਾਉਣ ਸਬੰਧੀ ਵੱਡੀ ਰਾਹਤ...ਕਮਿਸ਼ਨਰ, ਆਨੰਦ ਸਾਗਰ ਸ਼ਰਮਾ

## ਪੰਜਾਬ ਸਰਕਾਰ ਵੱਲੋਂ ਸ਼ਹਿਰ ਵਾਸੀਆਂ ਨੂੰ 31 ਜੁਲਾਈ 2016 ਤੱਕ ਪਾਣੀ ਅਤੇ ਸੀਰਵੇਜ਼ ਦੇ ਨਜਾਇਜ਼ ਕੁਨੈਕਸ਼ਨ ਰੈਗੂਲਰ ਕਰਵਾਉਣ ਦਾ ਦਿੱਤਾ ਮੌਕਾ

ਹੁਸ਼ਿਆਰਪੁਰ 18 ਜੂਨ ਨਗਰ ਨਿਗਮ ਹੁਸ਼ਿਆਰਪੁਰ ਦੇ ਕਮਿਸ਼ਨਰ ਆਨੰਦ ਸਾਗਰ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਜਾਰੀ ਹਦਾਇਤਾਂ ਅਨੁਸਾਰ ਨਗਰ ਨਿਗਮ ਦੀ ਹਦੂਦ ਅੰਦਰ ਜਿਨ੍ਹਾਂ ਲੋਕਾਂ ਵਲੋਂ ਨਗਰ ਨਿਗਮ ਦੀ ਮੰਜੂਰੀ ਤੋ ਬਗੈਰ ਨਜਾਇਜ਼ ਤੌਰ ਤੇ ਪਾਣੀ ਅਤੇ ਸੀਵਰੇਜ਼ ਦੇ ਕੁਨੈਕਸ਼ਨ ਲਗਾਏ ਹੋਏ ਹਨ, ਉਹ 31 ਜੁਲਾਈ 2016 ਤੱਕ ਨਗਰ ਨਿਗਮ ਦੇ ਦਫ਼ਤਰ ਵਿਖੇ ਪਾਣੀ ਅਤੇ ਸੀਵਰੇਜ਼ ਕੁਨੈਕਸ਼ਨ ਦੀਆਂ ਫਾਈਲਾਂ ਜਮ੍ਹਾਂ ਕਰਵਾਕੇ ਆਪਣੇ ਕੁਨੈਕਸ਼ਨ ਰੈਗੂਲਰ ਕਰਵਾਉਣ, ਉਹਨਾਂ ਦੱਸਿਆ ਕਿ ਇਸ ਸਕੀਮ ਤਹਿਤ ਸ਼ਹਿਰ ਵਾਸ਼ੀਆਂ ਨੂੰ ਪੰਜਾਬ ਸਰਕਾਰ ਵੱਲੋਂ ਪਾਣੀ ਅਤੇ ਸੀਵਰੇਜ਼ ਦੇ ਕੁਨੈਕਸ਼ਨ ਘੱਟ ਰੇਟਾਂ ਤੇ ਰੈਗੂਲਰ ਕਰਵਾਉਣ ਦਾ ਸੁਨਹਿਰੀ ਮੌਕਾ ਦਿੱਤਾ ਗਿਆ ਹੈ ਅਤੇ 31 ਜੁਲਾਈ 2016 ਤੋਂ ਬਾਅਦ ਅਣ ਅਧਿਕਾਰਤ ਕਨੈਕਸ਼ਨਾ ਦਾ ਪਤਾ ਲਗਾਉਣ ਲਈ ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਜੰਗੀ ਪੱਧਰ ਤੇ ਮੁਹਿੰਮ ਚਲਾਈ ਜਾਵੇਗੀ ਅਤੇ ਗੈਰ ਕਾਨੂੰਨੀ ਪਾਏ ਗਏ ਕਨੈਕਸ਼ਨ ਧਾਰਕਾਂ ਤੋਂ ਪਿਛਲੇ ਤਿੰਨ ਸਾਲਾਂ ਦਾ ਯੂਜਰ ਚਾਰਜਿਜ, ਕਨੈਕਸ਼ਨ ਫੀਸ, ਰੋਡ ਕਟਿੰਗ ਚਾਰਜਿਜ ਆਦਿ ਵਸੂਲੇ ਜਾਣਗੇ ਅਤੇ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਵੀ ਕੀਤੀ ਜਾਵੇਗੀ।

ਕਮਿਸ਼ਨਰ ਆਨੰਦ ਸਾਗਰ ਸ਼ਰਮਾ ਨੇ ਹੋਰ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ 125 ਵਰਗ ਗਜ ਦੇ ਮਕਾਨ ਤੱਕ ਪਾਣੀ ਅਤੇ ਸੀਵਰੇਜ਼ ਦੇ ਕੁਨੈਕਸ਼ਨ ਤੇ 100-100 ਰੁਪਏ ਅਤੇ ਰੋਡ ਕਟਿੰਗ ਦੀ ਰਕਮ ਦੇ ਕੇ ਕੁਨੈਕਸ਼ਨ ਰੈਗੁਲਰ ਕਰਵਾ ਸਕਦੇ ਹਨ, 125 ਤੋ 250 ਵਰਗ ਗਜ ਤੱਕ ਦੇ ਮਕਾਨ ਲਈ 250-250 ਰੁਪਏ, 250 ਵਰਗ ਗਜ ਤੋਂ ਵੱਧ ਦੇ ਮਕਾਨ ਲਈ ਪਾਣੀ ਅਤੇ ਸੀਵਰੇਜ਼ ਦੇ ਕੁਨੈਕਸ਼ਨ 500-500 ਰੁਪਏ ਦੇ ਕੇ ਰੈਗੂਲਰ ਕਰਵਾਏ ਜਾ ਸਕਦੇ ਹਨ।ਉਹਨਾਂ ਹੋਰ ਦੱਸਿਆ ਕਿ 250 ਵਰਗ ਗਜ ਦੇ ਵਪਾਰਕ ਅਦਾਰਿਆਂ ਵਿਚ ਪਾਣੀ ਅਤੇ ਸੀਵਰੇਜ਼ ਦੇ ਕੁਨੈਕਸ਼ਨ 500-500 ਰੁਪਏ, 250 ਵਰਗ ਗਜ ਤੋਂ ਉਪਰ ਵਪਾਰਕ ਅਦਾਰਿਆਂ ਵਿਚ ਸੀਰਵੇਜ਼ ਦੇ ਕੁਨੈਕਸ਼ਨ ਲਈ 750 ਰੁਪਏ ਅਤੇ ਪਾਣੀ ਦੇ ਕੁਨੈਕਸ਼ਨ ਲਈ 750 ਰੁਪਏ ਅਤੇ 125 ਵਰਗ ਗਜ ਤੋਂ 750 ਵਰਗ ਗਜ ਤੱਕ ਰੋਡ ਕਟਿੰਗ 01.04.2014 ਤੋਂ 31.03.2017 ਤੱਕ ਯੂਜਰ ਚਾਰਜਿਜ ਜਮ੍ਹਾਂ ਕਰਵਾ ਕੇ ਕੁਨੈਕਸ਼ਨ ਗੈਗੂਲਰ ਕਰਵਾਏ ਜਾ ਸਕਦੇ ਹਨ। ਉਹਨਾਂ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਸਰਕਾਰ ਵਲੋਂ 31 ਜੁਲਾਈ 2016 ਤੱਕ ਚਲਾਈ ਗਈ ਸਕੀਮ ਦਾ ਵੱਧ ਤੋ ਵੱਧ ਲਾਭ ਲੈਣ।